# ਅਸ਼ੀਰਵਾਦ ਸਕੀਮ

**(ਅਨੁਸਚਿਤ ਜਾਤੀਆ, ਪੱਛੜੀਆਂ ਸ਼੍ਰੇਣੀਆਂ ਅਤੇ ਆਰਥਿਕ ਤੌਰ ਤੇ ਕਮਜੋਰ ਵਰਗਾ ਦੇ ਲਾਭਪਾਤਰੀਆਂ ਲਈ)**

ਸ਼ਗਨ ਸਕੀਮ ਤਹਿਤ ਮਿਤੀ 1-4-1997 ਤੋਂ ਅਨੁਸੂਚਿਤ ਜਾਤੀਆਂ ਦੀਆਂ ਲੜਕੀਆਂ ਅਤੇ ਇਸੇ ਹੀ ਵਰਗ ਦੀਆਂ ਵਿਧਵਾਵਾਂ ਅਤੇ ਤਲਾਕਸ਼ੁਦਾ ਔਰਤਾਂ ਜੋ ਕਿ ਪੰਜਾਬ ਰਾਜ ਦੀਆਂ ਵਸਨੀਕ ਹੋਣ ਨੂੰ 5100/-ਰੁਪਏ ਦੀ ਵਿੱਤੀ ਸਹਾਇਤਾ ਸ਼ਗਨ ਵੱਜੋਂ ਦੇਣ ਨਾਲ ਸ਼ੁਰੂ ਕੀਤੀ ਗਈ ਸੀ। ਸ਼ੁਰੂ ਵਿੱਚ ਇਹ ਲਾਭ ਉਨ੍ਹਾਂ ਲੜਕੀਆਂ ਦੇ ਮਾਪਿਆਂ/ਸਰਪ੍ਰਸਤਾਂ ਨੂੰ ਦਿੱਤਾ ਜਾਂਦਾ ਸੀ, ਜਿਨ੍ਹਾਂ ਦੀ ਸਲਾਨਾ ਆਮਦਨ 16000/-ਰੁਪਏ ਤੋਂ ਵੱਧ ਨਹੀਂ ਸੀ। ਮਿਤੀ 1-9-1997 ਤੋਂ ਇਸ ਸਕੀਮ ਦਾ ਦਾਇਰਾ ਵਧਾਉਂਦੇ ਹੋਏ ਈਸਾਈ ਜਾਤੀ ਦੇ ਪਰਿਵਾਰਾਂ ਦੀਆਂ ਲੜਕੀਆਂ ਨੂੰ ਵੀ ਇਸ ਸਕੀਮ ਵਿੱਚ ਸ਼ਾਮਲ ਕਰ ਲਿਆ ਗਿਆ ਸੀ।

ਸ਼ਗਨ ਸਕੀਮ ਦਾ ਨਾਮ ਮਿਤੀ 26-01-2004 ਤੋਂ ਤਬਦੀਲ ਕਰਕੇ ਅਸ਼ੀਰਵਾਦ ਸਕੀਮ ਕਰ ਦਿੱਤਾ ਗਿਆ ਅਤੇ ਇਸ ਸਕੀਮ ਤਹਿਤ ਅਨੁਸੂਚਿਤ ਜਾਤੀਆਂ, ਈਸਾਈ ਬਰਾਦਰੀ ਦੀਆਂ ਲੜਕੀਆਂ ਅਤੇ ਕਿਸੇ ਵੀ ਜਾਤੀ ਦੀ ਵਿਧਵਾ ਦੀ ਲੜਕੀ ਨੂੰ 5100/- ਰੁਪਏ ਤੋਂ ਵਧਾ ਕੇ 6100/-ਰੁਪਏ ਪ੍ਰਤੀ ਪਰਿਵਾਰ ਵਿੱਤੀ ਸਹਾਇਤਾ ਕਰ ਦਿੱਤੀ ਗਈ ਸੀ। ਇਸ ਉਪਰੰਤ ਇਸ ਸਕੀਮ ਤਹਿਤ ਮਿਤੀ 1-4-2006 ਤੋਂ ਵਿੱਤੀ ਸਹਾਇਤਾ ਦੀ ਰਾਸ਼ੀ 6100/-ਰੁਪਏ ਤੋਂ ਵਧਾ ਕੇ 15000/-ਰੁਪਏ ਕਰ ਦਿੱਤੀ ਗਈ ਅਤੇ ਮਿਤੀ 01-07-2017 ਤੋ ਇਹ ਵਿੱਤੀ ਲਾਭ 15000/- ਰੁਪਏ ਤੋ ਵਧਾ ਕੇ 21000/- ਪ੍ਰਤੀ ਲਾਭਪਾਤਰੀ ਕੀਤਾ ਗਿਆ ਸੀ। ਮਿਤੀ 01-07-2021 ਤੋ ਵਿੱਤੀ ਸਹਾਇਤਾ ਦੀ ਰਾਸ਼ੀ 21,000/- ਰੁਪਏ ਤੋ ਵਧਾ ਕੇ 51,000/- ਰੁਪਏ ਕਰ ਦਿੱਤੀ ਗਈ ਹੈ।

ਬਜਟ ਸੈਸ਼ਨ 2011-12 ਦੌਰਾਨ ਵਿੱਤ ਮੰਤਰੀ ਜੀ ਵੱਲੋਂ ਅਪਣੇ ਭਾਸ਼ਣ ਵਿਚ ਸ਼ਗਨ ਸਕੀਮ ਦਾ ਦਾਇਰਾ ਵਧਾ ਕੇ ਇਸ ਸਕੀਮ ਦਾ ਲਾਭ ਪੱਛੜੀਆਂ ਸ਼੍ਰੇਣੀਆਂ/ਜਾਤੀਆਂ ਅਤੇ ਆਰਥਿਕ ਤੌਰ ਤੇ ਕਮਜੋਰ ਪਰਿਵਾਰਾਂ ਦੀਆਂ ਉਨ੍ਹਾਂ ਲੜਕੀਆਂ ਨੂੰ, ਜਿਨ੍ਹਾਂ ਪਰਿਵਾਰਾਂ ਦੀ ਸਾਲਾਨਾ ਆਮਦਨ 30,000/-ਰੁਪਏ ਤੋਂ ਵੱਧ ਨਾ ਹੋਵੇ, ਨੂੰ ਵੀ ਦੇਣ ਲਈ ਤਜਵੀਜ਼ ਕੀਤਾ ਗਿਆ ਸੀ, ਜੋ ਪੰਜਾਬ ਵਿਧਾਨ ਸਭਾ ਵੱਲੋਂ ਪਾਸ ਕਰ ਦਿੱਤਾ ਗਿਆ ਸੀ। ਮਿਤੀ 01-04-2011 ਤੋਂ ਸੋਧੀ ਸਕੀਮ ਅਨੁਸਾਰ ਅਨੁਸੂਚਿਤ ਜਾਤੀਆਂ/ਈਸਾਈ ਬਰਾਦਰੀ ਦੀਆਂ ਲੜਕੀਆਂ, ਕਿਸੇ ਵੀ ਜਾਤੀ ਦੀ ਵਿਧਵਾਵਾਂ ਦੀਆਂ ਲੜਕੀਆਂ, ਪੱਛੜੀਆਂ ਸ਼੍ਰੇਣੀਆਂ ਅਤੇ ਹੋਰ ਆਰਥਿਕ ਤੋਰ ਤੇ ਪੱਛੜੇ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹ ਸਮੇਂ ਅਤੇ ਅਨੁਸੂਚਿਤ ਜਾਤੀਆਂ ਦੀਆਂ ਵਿਧਵਾਵਾਂ/ਤਲਾਕਸ਼ੁਦਾ ਔਰਤਾਂ ਨੂੰ ਉਨ੍ਹਾਂ ਦੇ ਮੁੜ ਵਿਆਹ ਸਮੇਂ ਵਿੱਤੀ ਸਹਾਇਤਾ ਦਿੱਤੀ ਜਾਂਦੀ ਸੀ।

ਪੰਜਾਬ ਸਰਕਾਰ, ਭਲਾਈ ਵਿਭਾਗ ਵਲੋਂ ਸ਼ਗਨ ਸਕੀਮ ਤਹਿਤ ਵਿੱਤੀ ਸਹਾਇਤਾ ਪ੍ਰਾਪਤ ਕਰਨ ਲਈ ਸਾਲਾਨਾ ਆਮਦਨ 30,000/-ਰੁਪਏ ਤੋਂ ਵਧਾ ਕੇ ਮਿਤੀ 22-01-2013 ਤੋ 32,790/-ਰੁਪਏ ਕੀਤੀ ਗਈ ਹੈ। ਸਬੰਧਤ ਬਿਨੈਕਾਰ ਆਪਣੀ ਦਰਖਾਸਤ ਵਿਆਹ ਦੀ ਮਿਤੀ ਤੋਂ 30 ਦਿਨ ਬਾਅਦ ਤੱਕ ਵੀ ਦੇ ਸਕਦਾ ਹੈ।

ਮਾਨਯੋਗ ਮੰਤਰੀ ਪ੍ਰੀਸ਼ਦ ਦੀ ਮਿਤੀ 30-5-2017 ਨੂੰ ਹੋਈ ਮੀਟਿੰਗ ਵਿੱਚ ਸ਼ਗਨ ਸਕੀਮ ਦਾ ਨਾਮ ਬਦਲਕੇ ਅਸ਼ੀਰਵਾਦ ਸਕੀਮ ਕਰ ਦਿੱਤਾ ਗਿਆ ਹੈ ਅਤੇ ਲਾਭਪਾਤਰੀਆ ਨੂੰ ਅਦਾਇਗੀ ਡੀ.ਬੀ.ਟੀ.ਮੋਡ ਰਾਂਹੀ ਸਿੱਧੇ ਹੀ ਉਨ੍ਹਾਂ ਦੇ ਬੈਂਕ ਖਾਤਿਆਂ ਵਿੱਚ ਕੀਤੀ ਜਾਂਦੀ ਹੈ।

ਅਸੀਰਵਾਦ ਸਕੀਮ ਨੂੰ 01-04-2021 ਤੋ ਡੀ-ਸੈਂਟਰਲਾਈਜਡ ਕਰਨ ਉਪਰੰਤ ਸਰਕਾਰ ਵੱਲੋ ਜਿਲ੍ਹਾ ਪੱਧਤ ਤੇ ਕਮੇਟੀਆਂ ਗਠਿਤ ਕੀਤੀਆਂ ਗਈਆਂ, ਜਿਸ ਦੇ ਚੇਅਰਮੈਨ ਵਧੀਕ ਡਿਪਟੀ ਕਮਿਸ਼ਨਰ ਹਨ।

ਅਸ਼ੀਰਵਾਦ ਸਕੀਮ ਤਹਿਤ ਸਕੀਮ ਨੂੰ ਸੁਖਾਲਾ ਅਤੇ ਪਾਰਦਰਸ਼ੀ ਕਰਨ ਦੇ ਮੰਤਵ ਲਈ ਆਨਲਾਇਨ ਕਰਦੇ ਹੋਏ ਮਿਤੀ 15-11-2022 ਨੂੰ ਡਾ.ਬਲਜੀਤ ਕੌਰ, ਕੈਬਨਿਟ ਮੰਤਰੀ ਪੰਜਾਬ ਸਰਕਾਰ ਜੀ ਵੱਲੋ **'ਅਸ਼ੀਰਵਾਦ ਪੋਰਟਲ'** ਲਾਂਚ ਕੀਤਾ ਗਿਆ। ਵਿਭਾਗ ਵੱਲੋ ਮਿਤੀ 01-04-2023 ਤੋ ਪੋਰਟਲ ਰਾਹੀ ਆਨਲਾਇਨ ਦਰਖਾਸਤਾ ਲੈਣੀਆਂ ਸੁਰੂ ਕਰ ਦਿੱਤੀਆਂ ਹਨ।

Scanned with CamScanner

ਇਸ ਸਕੀਮ ਤਹਿਤ ਵਿੱਤੀ ਸਹਾਇਤਾ ਉਨ੍ਹਾਂ ਪਰਿਵਾਰਾਂ ਨੂੰ ਦਿੱਤੀ ਜਾਂਦੀ ਹੈ, ਜੋ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ:-

1. ਅਨੁਸੂਚਤ ਜਾਤੀਆਂ/ਈਸਾਈ ਬਰਾਦਰੀ ਦੀਆਂ ਲੜਕੀਆਂ,ਪੱਛੜੀਆਂ ਸ੍ਰੇਣੀਆਂ ਅਤੇ ਆਰਥਿਕ ਤੌਰ ਤੇ ਪੱਛੜੇ ਵਰਗਾਂ ਦੀਆਂ ਲੜਕੀਆਂ, ਕਿਸੇ ਵੀ ਜਾਤੀ ਦੀਆਂ ਵਿਧਵਾਵਾਂ ਦੀਆਂ. ਲੜਕੀਆਂ ਦੇ ਵਿਆਹ ਸਮੇਂ ਅਤੇ ਅਨੁਸੂਚਿਤ ਜਾਤੀਆਂ ਦੀਆਂ ਵਿਧਵਾਵਾਂ/ਤਲਾਕਸ਼ੁਦਾ ਔਰਤਾਂ ਨੂੰ ਉਨ੍ਹਾਂ ਦੇ ਮੁੜ ਵਿਆਹ ਸਮੇਂ ਮਿਤੀ 01-07-2021 ਤੋ 51,000/- ਰੁਪਏ ਵਿੱਤੀ ਸਹਾਇਤਾ ਦਿੱਤੀ ਜਾਂਦੀ ਹੈ;
2. ਲੜਕੀ ਦੀ ਉਮਰ 18 ਸਾਲ ਜਾ ਇਸ ਤੋ ਵੱਧ ਹੋਣੀ ਚਾਹੀਦੀ ਹੈ;
3. ਪਰਿਵਾਰ ਦੀ ਸਾਲਾਨਾ ਆਮਦਨ ਸਾਰੇ ਸਾਧਨਾਂ ਤੋ 32,790/- ਰੁਪਏ ਤੋ ਵੱਧ ਨਹੀ ਹੋਣੀ ਚਾਹੀਦੀ;
4. ਇਸ ਸਕੀਮ ਤਹਿਤ ਵਿੱਤੀ ਸਹਾਇਤਾ ਪ੍ਰਾਪਤ ਕਰਨ ਲਈ ਸਬੰਧਤ ਬਿਨੈਕਾਰ ਵੱਲੋ ਦਰਖਾਸਤ ਨਿਰਧਾਰਤ ਪ੍ਰੋਫਾਰਮੇ ਵਿੱਚ ਲੜਕੀ ਦੇ ਵਿਆਹ ਦੀ ਮਿਤੀ ਤੋ ਪਹਿਲਾਂ ਜਾਂ ਵਿਆਹ ਦੀ ਮਿਤੀ ਤੋ 30 ਦਿਨ ਬਾਅਦ ਤੱਕ ਦਰਖਾਸਤ ਦੇਣ ਦੀ ਇਜਾਜਤ ਹੈ;
5. ਲੜਕੀ ਦੇ ਮਾਪੇ/ਸਰਪ੍ਰਸਤ ਪੰਜਾਬ ਰਾਜ ਦੇ ਪੱਕੇ ਵਸ਼ਨੀਕ ਹੋਣ ਚਾਹੀਦੇ ਹਨ;
6. ਸਕੀਮ ਅਧੀਨ ਸਬੰਧਤ ਪਰਿਵਾਰ ਦੀਆਂ ਦੋ ਲੜਕੀਆਂ ਤੱਕ ਹੀ ਸ਼ਗਨ ਦੀ ਰਾਸ਼ੀ ਦਿੱਤੀ ਜਾਣੀ ਸੀਮਿਤ ਹੈ।

Scanned with CamScanner

## ASHIRWAD SCHEME

Shagun of Rs.5100/- was being given to the parents/guardians of girls belonging to Scheduled Caste and widows/divorcees of Punjab domicile under the Shagun scheme on the occasion of their marriage from 1-4-1997 subject to the condition that annual income of parents/guardians from all sources does not exceed Rs.16,000/-. The scope of the scheme was extended to Christian girls at the time of their marriage from 1-9-1997 on the same terms and conditions.

The scheme was renamed as Ashirwad from 26-1-2004 and under this scheme the amount of Shagun was enhanced from Rs.5100/- to Rs. 6100/- for Scheduled Caste/Christian girls and daughters of widows of any caste at the time of their marriages. From 1-4-2006, the rate of financial assistance was enhanced from Rs.6100/- to Rs.15000/- and the rate of financial assistance was enhanced from Rs.15000/- to Rs.21000/- w.e.f. 01-07-2017 . Financial assistance increased from Rs. 21,000/- to 51,000/- w.e.f 1-7-2021

During the Budget Session 2011-12, in Finance Ministers Speech the scope of Shagun scheme was proposed to enlarge by extending it to girls belonging to the backward classes/Castes (BC) and other economically weaker families, with a revised income limit of Rs. 30,000/- per annum, which will be applicable from the financial year 2011-12 which had been passed by the Vidhan Sabha. With effect from 01-04-2011 under this revised scheme the amount is given only to the parents/guardians of Scheduled Castes/Christians girls, daughters of widow of any caste, Backward Classes (BC) and other economically weaker sections at the time of the marriage of their daughters as well as at the time of re-marriage of scheduled castes widow/divorcees.

The income limit from Rs. 30,000/- to Rs. 32790/- was enhanced by Punjab Government, Welfare Department for getting financial assistance under Shagun Scheme. It was decided that concerned applicant can submit their application 30 days after the marriage and application form was made simple. The approval to implement this scheme regarding amendments was received from Hon'ble Chief Minister. These instructions were issued on 13-2-2014 by the department.

CM has approved in the meeting held on 30-5-2017 to change the name of "Shagun Scheme" as "Ashirwad Scheme and to make payment to the beneficiaries through online banking management system directly to their bank accounts.

After de-centralization of Ashirwad Scheme from 01-04-2021, District Level Committees have been constituted by the Government with Additional Deputy Commissioner as Chairman.

Scanned with CamScanner

Under Ashirwad Scheme, 'Ashirwad Portal' was launched on 15-11-2022 by Dr. Baljit Kaur, Cabinet Minister Punjab Government to make the scheme fair and transparent.

As per revised norms under Shagun (Now Ashirwad) the benefit is given to those families at the time of the marriage of their daughters who fulfill the following conditions:-

(i) Financial assistance of Rs. 51,000/- w.e.f 1-7-2021 is given to Scheduled Castes/Christian girls, Backward Classes/Castes, Economically weaker sections girls, daughters of widows of any caste at the time of their marriage and Scheduled Castes widows/divorcees at the time of their re-marriage.

(ii) That the girl should be 18 years old or above.

(iii) That the annual income of the family from all sources does not exceed Rs.32,790/-.

(iv) That parents/guardians of the girl should be domicile of Punjab State.

(v) Application can be given before the fixed date of marriage or after the 30 days of the marriage by the applicant for getting financial assistance.

(vi) The amount of shagun (Now Ashirwad) is limited upto two girls of concerned family under the scheme.

Scanned with CamScanner